Public Health England

NHS

# NHS ਐਬਡੋਮਿਨਲ ਏਓਰਟਿਕ ਐਨਿਉਰਿਜ਼ਮ (AAA) ਸਕ੍ਰੀਨਿੰਗ ਪ੍ਰੋਗਰਾਮ

**Punjabi**

## ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਵਰਤਦੇ ਹਾਂ

### (ਕਦੇ-ਕਦੇ ਨਿੱਜੀ ਡੇਟਾ ਕਿਹਾ ਜਾਂਦਾ ਹੈ)

ਤੁਹਾਡੇ ਲਈ ਇਸ ਗੱਲ ਨੂੰ ਸਮਝਣਾ ਮਹੱਤਵਪੂਰਨ ਹੈ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਵਰਤਦੇ ਹਾਂ। ਕਿਰਪਾ ਕਰਕੇ ਇਸ ਕਾਰਡ ਨੂੰ ਪੜ੍ਹੋ ਅਤੇ ਸਾਨੂੰ ਤੁਰੰਤ ਦੱਸੋ ਕਿ ਕੀ ਤੁਹਾਡੇ ਕੋਲ ਕੋਈ ਪ੍ਰਸ਼ਨ ਹਨ ਜਾਂ ਤੁਹਾਨੂੰ ਕੋਈ ਚਿੰਤਾਵਾਂ ਹਨ।

ਕਿਉਂਕਿ ਤੁਸੀਂ GP ਨਾਲ ਰਜਿਸਟਰਡ ਹੋ, ਇਸ ਲਈ ਤੁਸੀਂ ਇੰਗਲੈਂਡ ਵਿੱਚ NHS ਪ੍ਰੋਗਰਾਮ ਦੇ ਹਿੱਸੇ ਵੱਜੋਂ ਐਬਡੋਮਿਨਲ ਏਓਰਟਿਕ ਐਨਿਉਰਿਜ਼ਮ (AAA) ਸਕ੍ਰੀਨਿੰਗ (ਜਾਂਚ) ਵਿੱਚ ਭਾਗ ਲੈਣ ਦੇ ਹੱਕਦਾਰ ਹੋ। ਇਸ ਵਿੱਚ ਸਾਡੀ ਨੀਤੀ ਵਿੱਚ ਤਬਦੀਲੀ ਹੋਣ ਦੀ ਸੂਰਤ ਵਿੱਚ ਅਗਲੇਰੀ ਸਕ੍ਰੀਨਿੰਗ ਲਈ ਭਵਿੱਖ ਵਿੱਚ ਤੁਹਾਡੇ ਨਾਲ ਸੰਪਰਕ ਕਰਨਾ ਸ਼ਾਮਲ ਹੋ ਸਕਦਾ ਹੈ। ਤੁਹਾਡੀ ਦੇਖਭਾਲ ਦੇ ਹਿੱਸੇ ਵੱਜੋਂ ਅਸੀਂ ਸਕ੍ਰੀਨਿੰਗ ਜਾਂ ਇਸ ਤੋਂ ਬਾਅਦ ਵਾਲੇ ਮੁਆਇਨਿਆਂ ਅਤੇ ਇਲਾਜ ਵਿੱਚ ਸ਼ਾਮਲ NHS ਦੇ ਹੈਲਥਕੇਅਰ ਪੇਸ਼ੇਵਰਾਂ ਨੂੰ ਵੇਰਵੇ ਅੱਗੇ ਭੇਜ ਸਕਦੇ ਹਾਂ। ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਸਕ੍ਰੀਨਿੰਗ ਸੇਵਾ ਪੇਸ਼ ਕਰਨ ਲਈ ਸਾਡੀ ਮਦਦ ਵਾਸਤੇ, ਅਸੀਂ ਤੁਹਾਡੇ ਬਾਰੇ ਅਤੇ ਤੁਹਾਡੀ ਸਕ੍ਰੀਨਿੰਗ ਕਲਿਨਿਕ ਵਿੱਚ ਫੇਰੀ ਬਾਰੇ ਜਾਣਕਾਰੀ ਨੂੰ ਆਪਣੇ ਕੰਪਿਊਟਰ ਸਿਸਟਮ (ਰਾਸ਼ਟਰੀ AAA ਸਕ੍ਰੀਨਿੰਗ ਸਿਸਟਮ) ਵਿੱਚ ਰਿਕਾਰਡ ਕਰਦੇ ਹਾਂ। ਇਸ ਜਾਣਕਾਰੀ ਵਿੱਚ ਤੁਹਾਡੀ ਸਿਹਤ ਬਾਰੇ ਪ੍ਰਸ਼ਨਾਂ ਲਈ ਤੁਹਾਡੇ ਉੱਤਰ, ਤੁਹਾਡੇ ਏਓਰਟਾ (ਮਹਾ ਧਮਨੀ) ਦੇ ਚਿੱਤਰ ਅਤੇ ਕਲਿਨਿਕ ਵਿੱਚ ਸਾਡੇ ਦੁਆਰਾ ਰਿਕਾਰਡ ਕੀਤੀ ਪੈਮਾਇਸ਼ ਸ਼ਾਮਲ ਹੈ।

ਅਸੀਂ ਅੱਗੇ ਦਿੱਤੀਆਂ ਗੱਲਾਂ ਲਈ ਤੁਹਾਡੀ ਇਜਾਜ਼ਤ ਮੰਗਦੇ ਹਾਂ:

1. ਰਾਸ਼ਟਰੀ AAA ਸਕ੍ਰੀਨਿੰਗ ਸਿਸਟਮ 'ਤੇ ਤੁਹਾਡੇ ਬਾਰੇ ਅਤੇ ਤੁਹਾਡੀ ਸਕ੍ਰੀਨਿੰਗ ਕਲਿਨਿਕ ਵਿੱਚ ਫੇਰੀ ਬਾਰੇ ਜਾਣਕਾਰੀ ਨੂੰ ਸਟੋਰ ਕਰਨਾ ਅਤੇ ਰੱਖਣਾ ਅਤੇ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਸਕ੍ਰੀਨਿੰਗ ਪੇਸ਼ਕਸ਼ ਕਰਨ ਵਿੱਚ ਸਾਡੀ ਮਦਦ ਲਈ ਇਸ ਜਾਣਕਾਰੀ ਨੂੰ ਵਰਤਣਾ
2. AAA ਲਈ ਤੁਹਾਡੀ ਸਕ੍ਰੀਨਿੰਗ ਕਰਨੀ (ਜਿਸ ਵਿੱਚ ਤੁਹਾਡੇ ਪੇਟ ਦਾ ਅਲਟਰਾਸਾਊਂਡ ਸਕੈਨ ਸ਼ਾਮਲ ਹੁੰਦਾ ਹੈ) ਅਤੇ ਤੁਹਾਨੂੰ ਨਤੀਜੇ ਬਾਰੇ ਦੱਸਣਾ
3. ਜੇ ਸਾਨੂੰ ਪਤਾ ਲੱਗਦਾ ਹੈ ਕਿ ਤੁਹਾਨੂੰ AAA ਹੈ ਤਾਂ ਨੈਸ਼ਨਲ ਵਸਕੁਲਰ ਰਜਿਸਟਰੀ (NVR) ਜ਼ਰੀਏ ਕਿਸੇ ਵਸਕੁਲਰ (ਨਾੜੀ ਸਬੰਧੀ) ਸਰਜਨ ਨਾਲ ਤੁਹਾਡੀ ਨਿੱਜੀ ਜਾਣਕਾਰੀ ਨੂੰ ਸਾਂਝਾ ਕਰਨਾ। ਸਾਨੂੰ ਇਹ ਯਕੀਨੀ ਬਣਾਉਣ ਲਈ

ਅਜਿਹਾ ਕਰਨ ਦੀ ਲੋੜ ਹੁੰਦੀ ਹੈ ਕਿ ਜੇ ਵਿਅਕਤੀਆਂ ਨੂੰ ਲੋੜ ਹੋਵੇ ਤਾਂ ਉਹਨਾਂ ਨੂੰ ਸਮੇਂ ਸਿਰ ਅਤੇ ਉੱਚ ਗੁਣਵੱਤਾ ਵਾਲਾ ਇਲਾਜ ਮਿਲੇ।

4. ਤੁਹਾਡੇ ਨਾਲ ਸੰਪਰਕ ਕਰਨਾ, ਤੁਹਾਡੇ ਤੋਂ ਇਹ ਪੁੱਛਣ ਲਈ ਕਿ ਕੀ ਤੁਸੀਂ ਸਾਨੂੰ ਆਪਣੀ ਨਿੱਜੀ ਜਾਣਕਾਰੀ ਦੀ ਵਰਤੋਂ ਖੋਜ ਉਦੇਸ਼ਾਂ ਲਈ ਕਰਨ ਦੀ ਆਗਿਆ ਦੇਵੋਗੇ

ਕਿਰਪਾ ਕਰਕੇ ਧਿਆਨ ਦਿਓ, ਅਸੀਂ ਤੁਹਾਡੀ ਸਕ੍ਰੀਨਿੰਗ ਸਿਰਫ ਤਾਂ ਹੀ ਕਰ ਸਕਦੇ ਹਾਂ ਜੇ ਤੁਸੀਂ ਉਪਰੋਕਤ 1, 2 ਅਤੇ 3 ਨੁਕਤਿਆਂ ਨਾਲ ਸਹਿਮਤ ਹੁੰਦੇ ਹੋ।

ਜੇ ਤੁਸੀਂ ਸਕ੍ਰੀਨਿੰਗ ਦੀ ਇਸ ਪੇਸ਼ਕਸ਼ ਨੂੰ ਸਵੀਕਾਰ ਨਾ ਕਰਨ ਦੀ ਚੋਣ ਕਰਦੇ ਹੋ, ਤਾਂ ਅਸੀਂ ਇਹ ਦਿਖਾਉਣ ਲਈ ਰਿਕਾਰਡ ਰੱਖਾਂਗੇ ਕਿ ਅਸੀਂ ਤੁਹਾਡੇ ਨਾਲ ਸੰਪਰਕ ਕੀਤਾ ਹੈ, ਅਤੇ ਅਸੀਂ ਤੁਹਾਡੇ GP ਨੂੰ ਇਹ ਦੱਸ ਸਕਦੇ ਹਾਂ ਕਿ ਤੁਹਾਡੀ ਸਕ੍ਰੀਨਿੰਗ ਨਹੀਂ ਕੀਤੀ ਗਈ ਹੈ। ਇਸ ਬਾਰੇ ਹੋਰ ਜਾਣਕਾਰੀ ਲਈ ਕਿ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦੇ ਹਾਂ, NHS ਚੋਇਸਿਜ਼ ਦੇਖੋ: www.nhs.uk/aaa.

ਈਮੇਲ: PHE.screeninghelpdesk@nhs.net; ਵੈੱਬਸਾਈਟ: www.nhs.uk/aaa

ਅਗਸਤ 2016 ਵਿੱਚ ਜਾਣਕਾਰੀ ਤਾਜ਼ਾ ਕੀਤੀ ਗਈ